Administrative Appeals Tribunal

Migration & Refugee Division

# ਮਾਈਗ੍ਰੇਸ਼ਨ ਸਮੀਖਿਆ ਪ੍ਰਕਿਰਿਆ - ਐਮ ਆਰ ਡਿਵੀਜ਼ਨ

ਅਸੀਂ ਮੰਤਰੀ ਦੇ ਦੁਆਰਾ ਜਾਂ ਗ੍ਰਹਿ ਮਾਮਲਿਆਂ ਦੇ ਵਿਭਾਗ ਵਿੱਚ ਮੰਤਰੀ ਦੇ ਡੈਲੀਗੇਟ ਜਾਂ ਅਧਿਕਾਰੀਆਂ ਦੁਆਰਾ *ਮਾਈਗ੍ਰੇਸ਼ਨ ਐਕਟ 1958* ਦੇ ਅਧੀਨ ਲਏ ਗਏ ਫੈਸਲਿਆਂ ਦੀ ਸਮੀਖਿਆ ਕਰਨ ਦੀ ਸ਼ਕਤੀ ਦੇ ਨਾਲ ਇੱਕ ਕਾਨੂੰਨੀ ਸੰਸਥਾ ਹਾਂ।

ਵੀਜ਼ਾ ਬਾਰੇ ਕਿਸੇ ਫੈਸਲੇ ਦੀ ਸਮੀਖਿਆ ਕਰਨ ਵੇਲੇ, ਅਸੀਂ ਕੇਸ ਨੂੰ ਨਵੇਂ ਸਿਰੇ ਤੋਂ ਵਿਚਾਰਾਂਗੇ ਅਤੇ ਸਮੀਖਿਆ ਅਧੀਨ ਫੈਸਲੇ ਨੂੰ ਬਦਲਣ ਦੀ ਸ਼ਕਤੀ ਰੱਖਦੇ ਹਾਂ ।

*ਮਾਈਗ੍ਰੇਸ਼ਨ ਐਕਟ* 1958 ਅਤੇ *ਮਾਈਗ੍ਰੇਸ਼ਨ ਰੈਗੂਲੇਸ਼ਨਜ਼ 1994* ਉਹਨਾਂ ਫੈਸਲਿਆਂ ਨੂੰ ਦਰਸਾਉਂਦਾ ਹੈ ਜਿਨ੍ਹਾਂ ਦੀ ਅਸੀਂ ਸਮੀਖਿਆ ਕਰ ਸਕਦੇ ਹਾਂ, ਕੌਣ ਫੈਸਲੇ ਦੀ ਸਮੀਖਿਆ ਕਰਵਾ ਸਕਦੇ ਹਨ, ਸਮੀਖਿਆ ਲਈ ਅਰਜ਼ੀ ਕਿਵੇਂ ਦਿੱਤੀ ਜਾਣੀ ਚਾਹੀਦੀ ਹੈ, ਸਮੇਂ ਦੀ ਸੀਮਾ ਜਿਸ ਵਿੱਚ ਸਮੀਖਿਆ ਲਈ ਅਰਜ਼ੀਆਂ ਦਾਇਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਅਤੇ ਭੁਗਤਾਨ ਯੋਗ ਅਰਜ਼ੀ ਫੀਸ ਕੀ ਹੈ?

ਇਸ ਬਾਰੇ ਨਿਯਮ ਕਿ ਕੌਣ ਵਿਸ਼ੇਸ਼ ਫੈਸਲੇ ਦੀ ਸਮੀਖਿਆ ਕਰਵਾ ਸਕਦੇ ਹਨ, ਲਾਗੂ ਹੋਣ ਵਾਲੀ ਸਮਾਂ ਸੀਮਾ, ਅਤੇ ਕੀ ਫੀਸ ਅਦਾ ਕੀਤੀ ਜਾ ਸਕਦੀ ਹੈ, ਫੈਸਲੇ ਦੀ ਕਿਸਮ ਦੇ ਅਧਾਰ ਤੇ ਵੱਖੋ ਵੱਖਰੀ ਹੈ ਅਤੇ ਇਹ ਵੀ ਨਿਰਭਰ ਕਰਦਾ ਹੈ ਕਿ ਕੋਈ ਵਿਅਕਤੀ ਇਮੀਗ੍ਰੇਸ਼ਨ ਨਜ਼ਰਬੰਦੀ ਵਿਚ ਹੈ ਜਾਂ ਨਹੀਂ। ਸਾਡੇ ਕੋਲ ਅਪਵਾਦ ਕਰਨ ਦੀ ਕੋਈ ਸ਼ਕਤੀ ਨਹੀਂ ਹੈ।

## ਸਮੀਖਿਆ ਲਈ ਕੌਣ ਅਰਜ਼ੀ ਦੇ ਸਕਦਾ ਹੈ?

ਵਿਭਾਗ ਦੁਆਰਾ ਭੇਜੇ ਗਏ ਫੈਸਲੇ ਵਾਲੇ ਪੱਤਰ ਵਿੱਚ ਇਹ ਦੱਸਿਆ ਜਾਂਦਾ ਹੈ ਕਿ ਕੀ ਸਾਡੇ ਦੁਆਰਾ ਫੈਸਲੇ ਦੀ ਸਮੀਖਿਆ ਕੀਤੀ ਜਾ ਸਕਦੀ ਹੈ ਅਤੇ ਕੌਣ ਸਮੀਖਿਆ ਲਈ ਅਰਜ਼ੀ ਦੇ ਸਕਦਾ ਹੈ।

ਅਸੀਂ ਸਿਰਫ ਉਸ ਵਿਅਕਤੀ ਦੁਆਰਾ ਦਿੱਤੀ ਸਮੀਖਿਆ ਲਈ ਅਰਜ਼ੀ ਸਵੀਕਾਰ ਕਰ ਸਕਦੇ ਹਾਂ ਜਿਸ ਕੋਲ ਸਮੀਖਿਆ ਲਈ ਅਰਜ਼ੀ ਦੇਣ ਦਾ ਅਧਿਕਾਰ ਹੈ। ਕੁਝ ਮਾਮਲਿਆਂ ਵਿੱਚ ਸਿਰਫ ਉਹ ਵਿਅਕਤੀ ਜੋ ਸਮੀਖਿਆ ਲਈ ਅਰਜ਼ੀ ਦੇ ਸਕਦਾ ਹੈ ਉਹ ਵੀਜ਼ਾ ਬਿਨੈਕਾਰ ਜਾਂ ਸਾਬਕਾ ਵੀਜ਼ਾ ਧਾਰਕ ਹੁੰਦਾ ਹੈ। ਹੋਰ ਮਾਮਲਿਆਂ ਵਿੱਚ ਇਹ ਸਿਰਫ ਸਪਾਂਸਰ ਜਾਂ ਇੱਕ ਨਜ਼ਦੀਕੀ ਰਿਸ਼ਤੇਦਾਰ ਹੋ ਸਕਦਾ ਹੈ। ਕੁਝ ਮਾਮਲਿਆਂ ਵਿੱਚ ਸਮੀਖਿਆ ਵਾਲੇ ਬਿਨੈਕਾਰ ਨੂੰ ਫੈਸਲਾ ਲੈਣ ਸਮੇਂ ਜਾਂ ਸਮੀਖਿਆ ਲਈ ਬਿਨੈ-ਪੱਤਰ ਦੇਣ ਵੇਲੇ ਜਾਂ ਦੋਵਾਂ ਵੇਲੇ ਹੀ ਆਸਟ੍ਰੇਲੀਆ ਦੇ ਅੰਦਰ ਹੋਣਾ ਚਾਹੀਦਾ ਹੈ। ਅਸੀਂ ਵਿਅਕਤੀਗਤ ਸਥਿਤੀਆਂ ਬਾਰੇ ਸਲਾਹ ਨਹੀਂ ਦੇ ਸਕਦੇ; ਹਾਲਾਂਕਿ, ਤੁਸੀਂ ਇਨ੍ਹਾਂ ਮੁੱਦਿਆਂ 'ਤੇ ਰਜਿਸਟਰਡ ਮਾਈਗ੍ਰੇਸ਼ਨ ਏਜੰਟ, ਅਭਿਆਸ ਸਰਟੀਫਿਕੇਟ ਵਾਲੇ ਆਸਟਰੇਲੀਆ ਦੇ ਵਕੀਲ ਜਾਂ ਇਮੀਗ੍ਰੇਸ਼ਨ ਸਹਾਇਤਾ ਪ੍ਰਦਾਨ ਕਰਨ ਵਾਲੇ ਕਿਸੇ ਹੋਰ ਪ੍ਰਦਾਤਾ ਤੋਂ ਸਲਾਹ ਲੈ ਸਕਦੇ ਹੋ। ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਹੇਠਾਂ 'ਕੀ ਮੈਨੂੰ ਆਪਣੀ ਅਰਜ਼ੀ ਲਈ ਸਹਾਇਤਾ ਲੈਣੀ ਚਾਹੀਦੀ ਹੈ?' ਵੇਖੋ।

## ਤੁਹਾਡੀ ਅਰਜ਼ੀ ਨੂੰ ਸਮੀਖਿਆ ਲਈ ਦੇਣ ਲਈ ਸਮਾਂ ਸੀਮਾ

ਵਿਭਾਗ ਦੁਆਰਾ ਭੇਜੇ ਗਏ ਫੈਸਲੇ ਪੱਤਰ ਵਿੱਚ ਉਸ ਸਮੇਂ ਦੀ ਹੱਦ ਦੱਸੀ ਹੋਣੀ ਚਾਹੀਦੀ ਹੈ ਜੋ ਸਾਡੇ ਕੋਲ ਬਿਨੈ ਕਰਨ ਲਈ ਲਾਗੂ ਹੁੰਦੀ ਹੈ।

ਜੇ ਤੁਸੀਂ ਸਮੀਖਿਆ ਲਈ ਅਰਜ਼ੀ ਦੇਣਾ ਚਾਹੁੰਦੇ ਹੋ, ਤਾਂ ਤੁਹਾਨੂੰ ਨੋਟ ਕਰਨਾ ਚਾਹੀਦਾ ਹੈ ਕਿ ਅਸੀਂ ਸਮੇਂ ਸੀਮਾ ਨੂੰ ਵਧਾ ਨਹੀਂ ਸਕਦੇ ਹਾਂ ਜਾਂ ਸਮਾਂ ਸੀਮਾ ਤੋਂ ਬਾਅਦ ਦਿੱਤੀ ਗਈ ਅਰਜ਼ੀਆਂ ਨੂੰ ਸਵੀਕਾਰ ਨਹੀਂ ਕਰ ਸਕਦੇ ਹਾਂ। ਜੇ ਤੁਸੀਂ ਡਾਕ

ਦੁਆਰਾ ਬਿਨੈ-ਪੱਤਰ ਦਰਜ ਕਰ ਰਹੇ ਹੋ, ਤਾਂ ਤੁਹਾਨੂੰ ਇਹ ਸੁਨਿਸ਼ਚਿਤ ਕਰਨਾ ਚਾਹੀਦਾ ਹੈ ਕਿ ਸਮਾਂ ਸੀਮਾ ਦੀ ਮਿਆਦ ਪੂਰੀ ਹੋਣ ਤੋਂ ਪਹਿਲਾਂ ਪ੍ਰਾਪਤ ਕਰਨ ਲਈ ਕਾਫ਼ੀ ਸਮਾਂ ਹੋਵੇ ।

## ਮੈਂ ਸਮੀਖਿਆ ਲਈ ਕਿਵੇਂ ਅਰਜ਼ੀ ਦੇਵਾਂ?

ਸਮੀਖਿਆ ਲਈ ਅਰਜ਼ੀ ਦੇਣ ਲਈ, ਤੁਹਾਨੂੰ ਲਾਜ਼ਮੀ ਤੌਰ 'ਤੇ ਅਰਜ਼ੀ ਲਈ ਦਰਖਾਸਤ 'ਫਾਰਮ ਭਰਨਾ ਅਤੇ ਅਰਜ਼ੀ ਫੀਸ (ਜਾਂ ਬਿਨੈ ਪੱਤਰ ਫੀਸ ਦੀ 50% ਫੀਸ ਘਟਾਉਣ ਲਈ ਇੱਕ ਅਰਜ਼ੀ ਦੇ ਨਾਲ) ਦੇ ਨਾਲ ਸਮਾਂ ਸੀਮਾ ਦੇ ਅੰਦਰ ਅਦਾ ਕਰਨਾ ਹੋਵੇਗਾ। ਅਰਜ਼ੀ ਫੀਸ ਬਾਰੇ ਜਾਣਕਾਰੀ ਲਈ ਹੇਠਾਂ ਵੇਖੋ।

ਅਰਜ਼ੀਆਂ ਆਨਲਾਈਨ ਜਾਂ ਇੱਕ ਫਾਰਮ ਭਰ ਕੇ ਈਮੇਲ, ਪੋਸਟ, ਫੈਕਸ ਜਾਂ ਵਿਅਕਤੀਗਤ ਰੂਪ ਵਿੱਚ ਦਰਜ ਕੀਤੀਆਂ ਜਾ ਸਕਦੀਆਂ ਹਨ। ਇਮੀਗ੍ਰੇਸ਼ਨ ਨਜ਼ਰਬੰਦੀ ਵਿਚ ਬਿਨੈਕਾਰਾਂ ਨੂੰ ਐਮ 2 ਫਾਰਮ (form M2) ਦੀ ਵਰਤੋਂ ਕਰਨੀ ਚਾਹੀਦੀ ਹੈ - 'ਸਮੀਖਿਆ ਲਈ ਅਰਜ਼ੀ - ਮਾਈਗ੍ਰੇਸ਼ਨ (ਇਮੀਗ੍ਰੇਸ਼ਨ ਨਜ਼ਰਬੰਦੀ ਵਾਲੇ ਵਿਅਕਤੀਆਂ ਲਈ)'। ਹੋਰ ਸਾਰੇ ਬਿਨੈਕਾਰਾਂ ਨੂੰ ਐਮ 1 ਫਾਰਮ (form M1) ਦੀ ਵਰਤੋਂ ਕਰਨੀ ਚਾਹੀਦੀ ਹੈ - 'ਸਮੀਖਿਆ ਲਈ ਬਿਨੈ-ਪੱਤਰ- ਮਾਈਗ੍ਰੇਸ਼ਨ (ਉਹਨਾਂ ਵਿਅਕਤੀਆਂ ਲਈ ਜੋ ਇਮੀਗ੍ਰੇਸ਼ਨ ਨਜ਼ਰਬੰਦੀ ਅਤੇ ਸੰਗਠਨਾਂ ਵਿੱਚ ਨਹੀਂ ਹਨ)'। ਫਾਰਮ ਇਸ ਤੱਥ ਪੱਤਰ ਦੇ ਅੰਤ ਵਿੱਚ ਸੂਚੀਬੱਧ ਸਾਡੇ ਕਿਸੇ ਵੀ ਦਫਤਰ ਤੋਂ ਉਪਲਬਧ ਹਨ ਅਤੇ ਸਾਡੀ ਵੈਬਸਾਈਟ ਤੇ ਵੀ ਉਪਲਬਧ ਹਨ।

ਸਾਡੇ ਦਫਤਰਾਂ (ਰਜਿਸਟਰੀਆਂ) ਦਾ ਵੇਰਵਾ ਇਸ ਦਸਤਾਵੇਜ਼ ਦੇ ਅੰਤ ਵਿੱਚ ਦਿੱਤਾ ਗਿਆ ਹੈ। ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਹੇਠਾਂ 'ਮੈਥਡ ਆਫ ਲਾਜਮੈਂਟ' ਅਤੇ 'ਸੰਪਰਕ' ਸੈਕਸ਼ਨ ਵੇਖੋ।

## ਸਮੀਖਿਆ ਲਈ ਸੰਯੁਕਤ ਅਰਜ਼ੀਆਂ

ਇੱਕੋ ਪਰਿਵਾਰਕ ਇਕਾਈ ਦੇ ਮੈਂਬਰ ਆਮ ਤੌਰ ਤੇ ਆਪਣੀਆਂ ਅਰਜ਼ੀਆਂ ਨੂੰ ਸਮੀਖਿਆ ਲਈ ਜੋੜ ਸਕਦੇ ਹਨ। ਕਿਸੇ ਸੁਰੱਖਿਆ ਦੀ ਜ਼ਰੂਰਤ ਦੇ ਫੈਸਲੇ ਦੀ ਸਮੀਖਿਆ ਲਈ ਬਿਨੈ-ਪੱਤਰ ਨੂੰ ਵੀਜ਼ਾ ਦੇਣ ਤੋਂ ਇਨਕਾਰ ਕਰਨ ਦੇ ਫੈਸਲੇ ਦੀ ਸਮੀਖਿਆ ਲਈ ਸਬੰਧਤ ਅਰਜ਼ੀ ਨਾਲ ਵੀ ਜੋੜਿਆ ਜਾ ਸਕਦਾ ਹੈ। ਜਿਥੇ ਅਰਜ਼ੀਆਂ ਨੂੰ ਜੋੜਿਆ ਜਾ ਸਕਦਾ ਹੈ, ਉੱਥੇ ਸਿਰਫ ਇੱਕ ਅਰਜ਼ੀ ਦੀ ਫੀਸ ਭੁਗਤਾਨ ਯੋਗ ਹੈ ਅਤੇ ਸਿਰਫ ਇੱਕ ਅਰਜ਼ੀ ਫਾਰਮ ਦੀ ਵਰਤੋਂ ਕਰਨ ਦੀ ਜ਼ਰੂਰਤ ਹੈ।

## ਅਰਜ਼ੀ ਦੀ ਫੀਸ

ਇਮੀਗ੍ਰੇਸ਼ਨ ਨਜ਼ਰਬੰਦੀ ਵਿਚ ਵਿਅਕਤੀਆਂ ਦੁਆਰਾ ਕੀਤੇ ਗਏ ਬ੍ਰਿਜਿੰਗ ਵੀਜ਼ਾ ਫੈਸਲਿਆਂ (ਸੁਰੱਖਿਆ ਦੀ ਜ਼ਰੂਰਤ ਬਾਰੇ ਕਿਸੇ ਵੀ ਸਬੰਧਤ ਫੈਸਲੇ ਸਮੇਤ) ਦੀ ਸਮੀਖਿਆ ਲਈ ਅਰਜ਼ੀਆਂ ਨੂੰ ਛੱਡ ਕੇ ਸਾਰੇ ਮਾਮਲਿਆਂ ਵਿਚ ਇਕ ਫੀਸ ਅਦਾ ਕਰਨੀ ਪੈਂਦੀ ਹੈ।
ਹੋਰ ਸਾਰੇ ਮਾਮਲਿਆਂ ਵਿੱਚ:

- ਅਰਜ਼ੀ ਦੀ ਫੀਸ 3,3374 ਡਾਲਰ ਹੈ
- ਫੀਸ ਵਿਚ 50% ਦੀ ਕਮੀ ਆ ਸਕਦੀ ਹੈ ਜੇ ਅਸੀਂ ਇਸ ਗੱਲ ਤੋਂ ਸੰਤੁਸ਼ਟ ਹਾਂ ਕਿ ਪੂਰੀ ਅਦਾਇਗੀ **ਸਮੀਖਿਆ ਬਿਨੈਕਾਰ ਨੂੰ ਗੰਭੀਰ ਵਿੱਤੀ ਪਰੇਸ਼ਾਨੀ** ਦਾ ਕਾਰਨ ਬਣ ਸਕਦੀ ਹੈ, ਜਾਂ ਇਸਦਾ ਕਾਰਨ ਹੈ।
- ਜੇ ਅਸੀਂ ਤੁਹਾਡੇ ਕੇਸ 'ਤੇ ਕੋਈ ਅਨੁਕੂਲ ਫੈਸਲਾ ਲੈਂਦੇ ਹਾਂ ਤਾਂ ਅਸੀਂ ਪੂਰੀ ਫੀਸ ਦਾ 50% ਵਾਪਸ ਕਰ ਦੇਵਾਂਗੇ.

'ਫੀਸ ਵਿੱਚ ਕਟੌਤੀ ਲਈ ਬੇਨਤੀ – ਐਮ ਆਰ ਡਿਵੀਜ਼ਨ' ਫਾਰਮ (ਐਮ 11) ਹੇਠਾਂ ਦਿੱਤੇ ਕਿਸੇ ਵੀ ਦਫਤਰ ਤੋਂ ਅਤੇ ਸਾਡੀ ਵੈਬਸਾਈਟ ਤੋਂ ਉਪਲਬਧ ਹੈ। ਸਹਾਇਤਾ ਦਸਤਾਵੇਜ਼ੀ ਸਬੂਤ, ਜਿਵੇਂ ਕਿ ਫਾਰਮ M11 ਤੇ ਸੂਚੀਬੱਧ ਹੈ, ਨੂੰ ਸਾਰੀਆਂ ਫੀਸਾਂ ਵਿੱਚ ਕਟੌਤੀ ਕਰਨ ਵਾਲੀਆਂ ਅਰਜ਼ੀਆਂ ਨਾਲ ਦਾਖਲ ਕੀਤਾ ਜਾਣਾ ਚਾਹੀਦਾ ਹੈ।

ਜੇ ਤੁਸੀਂ ਸਮੀਖਿਆ ਲਈ ਆਪਣੀ ਅਰਜ਼ੀ ਵਾਪਸ ਲੈਂਦੇ ਹੋ, ਤਾਂ ਅਸੀਂ ਸਿਰਫ ਸੀਮਿਤ ਹਾਲਤਾਂ ਵਿੱਚ ਅਰਜ਼ੀ ਫੀਸ ਨੂੰ ਵਾਪਸ ਕਰ ਸਕਦੇ ਹਾਂ।

## ਕੀ ਮੈਨੂੰ ਆਪਣੀ ਅਰਜ਼ੀ ਲਈ ਸਹਾਇਤਾ ਲੈਣੀ ਚਾਹੀਦੀ ਹੈ?

ਸਾਡਾ ਉਦੇਸ਼ ਇਹ ਨਿਸ਼ਚਤ ਕਰਨਾ ਹੈ ਕਿ ਸਮੀਖਿਆਵਾਂ ਦਾ ਨਤੀਜਾ ਇਸ ਗੱਲ 'ਤੇ ਨਿਰਭਰ ਨਹੀਂ ਕਰਦਾ ਹੈ ਕਿ ਕੋਈ ਵਿਅਕਤੀ ਪੇਸ਼ੇਵਰ ਸਲਾਹ ਜਾਂ ਸਹਾਇਤਾ ਪ੍ਰਾਪਤ ਕਰਦਾ ਹੈ ਜਾਂ ਨਹੀਂ। ਹਾਲਾਂਕਿ, ਤੁਸੀਂ ਸਲਾਹ ਅਤੇ ਸਹਾਇਤਾ ਦੀ ਚੋਣ ਕਰ ਸਕਦੇ ਹੋ।

ਮਾਈਗ੍ਰੇਸ਼ਨ ਐਕਟ ਦੇ ਤਹਿਤ, ਕੁਝ ਖਾਸ ਲੋਕ 'ਇਮੀਗ੍ਰੇਸ਼ਨ ਸਹਾਇਤਾ' (‘Immigration assistance’) ਪ੍ਰਦਾਨ ਕਰ ਸਕਦੇ ਹਨ। ਉਹਨਾਂ ਵਿੱਚ ਸ਼ਾਮਲ ਹਨ:

- ਇੱਕ ਰਜਿਸਟਰਡ ਮਾਈਗ੍ਰੇਸ਼ਨ ਏਜੰਟ
- ਅਭਿਆਸ ਸਰਟੀਫਿਕੇਟ ਵਾਲਾ ਇੱਕ ਆਸਟਰੇਲੀਆਈ ਵਕੀਲ
- ਇੱਕ ਨਜ਼ਦੀਕੀ ਪਰਿਵਾਰਕ ਮੈਂਬਰ (ਤੁਹਾਡੇ ਪਤੀ/ਪਤਨੀ, ਬੱਚੇ, ਮਾਪੇ, ਭਰਾ ਜਾਂ ਭੈਣ), ਜਾਂ
- ਇੱਕ ਨਾਮਜ਼ਦ ਜਾਂ ਸਪਾਂਸਰ ਜੇ ਤੁਸੀਂ ਵੀਜ਼ਾ ਬਿਨੈਕਾਰ ਹੋ।

‘ਇਮੀਗ੍ਰੇਸ਼ਨ ਸਹਾਇਤਾ’ (‘Immigration assistance’) ਵਿੱਚ ਉਹ ਸ਼ਾਮਲ ਹੁੰਦਾ ਹੈ ਜਿੱਥੇ ਕੋਈ ਵਿਅਕਤੀ AAT ਵਿਖੇ ਬਿਨੈ-ਪੱਤਰ ਦੀ ਤਿਆਰੀ ਕਰਨ ਜਾਂ ਤੁਹਾਡੀ ਪ੍ਰਤੀਨਿਧਤਾ ਕਰਨ ਲਈ ਤੁਹਾਡੀ ਮਦਦ ਕਰਨ ਲਈ ਮਾਈਗ੍ਰੇਸ਼ਨ ਪ੍ਰਕਿਰਿਆ ਵਿੱਚ ਆਪਣਾ ਗਿਆਨ ਜਾਂ ਤਜਰਬਾ ਵਰਤਦਾ ਹੈ, ਜਾਂ ਵਰਤਣ ਦਾ ਦਾਅਵਾ ਕਰਦਾ ਹੈ।

ਸਿਰਫ ਉਹ ਲੋਕ ਜੋ ਤੁਹਾਨੂੰ ‘ਇਮੀਗ੍ਰੇਸ਼ਨ ਸਹਾਇਤਾ’ ਲਈ ਫੀਸ ਦੇਣ ਲਈ ਕਹਿ ਸਕਦੇ ਹਨ, ਰਜਿਸਟਰਡ ਮਾਈਗ੍ਰੇਸ਼ਨ ਏਜੰਟ ਜਾਂ ਆਸਟਰੇਲੀਆ ਦੇ ਵਕੀਲ ਹਨ ਜੋ ਅਭਿਆਸ ਪ੍ਰਮਾਣ ਪੱਤਰ ਰੱਖਦੇ ਹਨ।

ਤੁਸੀਂ ਸਾਡੀ ਸਮੀਖਿਆ ਦੀ ਸਹਾਇਤਾ ਲਈ ਸਾਡੀ ਵੈਬਸਾਈਟ ਦੇ Assistance ਪੇਜ ਤੋਂ ਸਹਾਇਤਾ ਪ੍ਰਾਪਤ ਕਰਨ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

## ਅਸੀਂ ਕਿਵੇਂ ਕੰਮ ਕਰਾਂਗੇ?

ਸਾਨੂੰ ਇੱਕ ਸਮੀਖਿਆ ਪ੍ਰਦਾਨ ਕਰਨੀ ਹੁੰਦੀ ਹੈ ਜੋ ਪਹੁੰਚਯੋਗ, ਨਿਰਪੱਖ, ਜਾਇਜ਼, ਕਿਫਾਇਤੀ, ਗੈਰ ਰਸਮੀ, ਜਲਦੀ ਨਾਲ ਅਤੇ ਅਨੁਪਾਤ ਅਨੁਸਾਰ ਯੋਗ ਹੋਵੇ। ਸਮੀਖਿਆ ਦੀਆਂ ਆਮ ਵਿਸ਼ੇਸ਼ਤਾਵਾਂ ਇਹ ਹਨ:

- ਮੰਤਰੀ ਅਤੇ ਵਿਭਾਗ ਦੀ ਨੁਮਾਇੰਦਗੀ ਨਹੀਂ ਕੀਤੀ ਜਾਂਦੀ, ਅਤੇ ਵਿਭਾਗ ਨੂੰ ਸਾਨੂੰ ਉਹ ਸਾਰੇ ਦਸਤਾਵੇਜ਼ ਮੁਹੱਈਆ ਕਰਨ ਦੀ ਲੋੜ ਹੁੰਦੀ ਹੈ ਜਿਹੜੇ ਸਮੀਖਿਆ ਅਧੀਨ ਕੇਸ ਨਾਲ ਸੰਬੰਧਿਤ ਹਨ।
- ਤੁਹਾਡੇ ਆਪਣੇ ਮਾਮਲੇ ਦੇ ਸੰਬੰਧ ਵਿੱਚ ਸਾਡੇ ਸਾਮ੍ਹਣੇ ਸਾਮੱਗਰੀ ਦੀ ਪਹੁੰਚ ਜਾਂ ਇਸਦੀ ਕਾਪੀ ਪ੍ਰਾਪਤ ਕਰਨ ਦੇ ਤੁਸੀਂ ਹੱਕਦਾਰ ਹੋ (ਭਾਵੇਂ ਕੁਝ ਪਾਬੰਦੀਆਂ ਲਾਗੂ ਹੋ ਸਕਦੀਆਂ ਹਨ)।
- ਤੁਸੀਂ ਸਮੀਖਿਆ ਦੇ ਕਿਸੇ ਵੀ ਪੜਾਅ 'ਤੇ ਲਿਖਤੀ ਬੇਨਤੀਆਂ ਕਰ ਸਕਦੇ ਹੋ ਜਾਂ ਦਸਤਾਵੇਜ਼ੀ ਸਬੂਤ ਪ੍ਰਦਾਨ ਕਰ ਸਕਦੇ ਹੋ। ਜਿਥੇ ਵੀ ਸੰਭਵ ਹੋਵੇ, ਅਸੀਂ ਤਰਜੀਹ ਦੇਵਾਂਗੇ ਕਿ ਜੇ ਇਸ ਸਮੱਗਰੀ ਨੂੰ ਇਲੈਕਟ੍ਰਾਨਿਕ ਤੌਰ ਤੇ ਭੇਜਿਆ ਜਾਂਦਾ ਹੈ ।
- ਜੇ ਤੁਸੀਂ, ਸਾਨੂੰ ਇਲੈਕਟ੍ਰੌਨਿਕ ਤੌਰ ਤੇ ਦਸਤਾਵੇਜ਼ ਭੇਜਦੇ ਹੋ, ਸਾਡੇ ਫਾਰਮਾਂ ਸਮੇਤ ਤਾਂ ਡਾਕ ਦੁਆਰਾ ਅਸਲ ਦਸਤਾਵੇਜ਼ ਭੇਜਣੇ ਜ਼ਰੂਰੀ ਨਹੀਂ ਹਨ।
- ਤੁਸੀਂ ਆਪਣੇ ਕੇਸ ਦੀ ਤਿਆਰੀ ਅਤੇ ਕੇਸ ਚਲਾਓਣ ਵਿਚ ਤੁਹਾਡੀ ਪ੍ਰਤੀਨਿਧਤਾ ਕਰਨ ਲਈ ਕਿਸੇ ਵਿਅਕਤੀ (ਆਪਣੇ ਪ੍ਰਤਿਨਿਧੀ) ਨੂੰ ਨਾਮਜ਼ਦ ਕਰ ਸਕਦੇ ਹੋ। ਇੱਹ ਪ੍ਰਤੀਨਿਧੀ ਲਿਖਤੀ ਬੇਨਤੀਆਂ ਅਤੇ ਦਸਤਾਵੇਜ਼ੀ ਸਬੂਤ ਮੁਹੱਈਆ ਕਰਵਾ ਸਕਦਾ ਹੈ ਅਤੇ ਤੁਹਾਡੇ ਵੱਲੋਂ ਸਾਡੇ ਨਾਲ ਸੰਪਰਕ ਕਰ ਸਕਦਾ ਹੈ।

ਸਾਡੇ ਦੁਆਰਾ ਪ੍ਰਬੰਧਿਤ ਕਿਸੇ ਵੀ ਮੀਟਿੰਗ ਜਾਂ ਸੁਣਵਾਈ ਵਿੱਚ ਇਹ ਪ੍ਰਤੀਨਿਧੀ ਤੁਹਾਡੇ ਨਾਲ ਆ ਸਕਦਾ ਅਤੇ ਤੁਹਾਡੀ ਸਹਾਇਤਾ ਵੀ ਕਰ ਸਕਦਾ ਹੈ। ਅਸੀਂ ਕਿਸੇ ਨੁਮਾਇੰਦੇ ਨੂੰ ਸੁਣਵਾਈ ਦੇ ਸਮੇਂ ਮਾਮਲਿਆਂ 'ਤੇ ਟਿੱਪਣੀ ਕਰਨ ਲਈ ਸੱਦਾ ਦੇ ਸਕਦੇ ਹਾਂ, ਪਰ ਇੱਕ ਪ੍ਰਤੀਨਿਧੀ ਵਿਸ਼ੇਸ਼ ਹਾਲਤਾਂ ਤੋਂ ਇਲਾਵਾ ਕੋਈ ਜ਼ੁਬਾਨੀ ਪੇਸ਼ਕਾਰੀ ਨਹੀਂ ਕਰ ਸਕਦਾ। ਜੇ ਤੁਹਾਡਾ ਨੁਮਾਇੰਦਾ ਤੁਹਾਨੂੰ 'ਇਮੀਗ੍ਰੇਸ਼ਨ ਸਹਾਇਤਾ' ਲਈ ਫੀਸ ਦੇਣ ਲਈ ਕਹਿੰਦਾ ਹੈ, ਤਾਂ ਤੁਹਾਨੂੰ ਇਹ ਸੁਨਿਸ਼ਚਿਤ ਕਰਨਾ ਚਾਹੀਦਾ ਹੈ ਕਿ ਉਹ ਇੱਕ ਰਜਿਸਟਰਡ ਮਾਈਗ੍ਰੇਸ਼ਨ ਏਜੰਟ ਜਾਂ ਅਭਿਆਸ ਪ੍ਰਮਾਣ ਪੱਤਰ ਵਾਲੇ ਇੱਕ ਆਸਟਰੇਲੀਆ ਦੇ ਵਕੀਲ ਹਨ। ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਉਪਰੋਕਤ 'ਕੀ ਮੈਨੂੰ ਆਪਣੀ ਅਰਜ਼ੀ ਲਈ ਸਹਾਇਤਾ ਲੈਣੀ ਚਾਹੀਦੀ ਹੈ?' ਵੇਖੋ।

- ਤੁਸੀਂ ਆਪਣੀ ਤਰਫ਼ੋਂ ਪੱਤਰ ਵਿਹਾਰ ਪ੍ਰਾਪਤ ਕਰਨ ਲਈ ਕਿਸੇ ਵਿਅਕਤੀ ਨੂੰ (ਤੁਹਾਡਾ ਅਧਿਕਾਰਤ ਪ੍ਰਾਪਤ ਕਰਤਾ) ਨਾਮਜ਼ਦ ਕਰਨ ਦੀ ਚੋਣ ਕਰ ਸਕਦੇ ਹੋ। ਬਹੁਤੇ ਬਿਨੈਕਾਰ ਜਿਨ੍ਹਾਂ ਕੋਲ ਪ੍ਰਤੀਨਿਧੀ ਹੁੰਦਾ ਹੈ ਉਹ ਆਪਣੇ ਪ੍ਰਤਿਨਿਧੀ ਨੂੰ ਆਪਣੇ ਅਧਿਕਾਰਤ ਪ੍ਰਾਪਤ ਕਰਤਾ ਵਜੋਂ ਨਾਮਜ਼ਦ ਕਰਦੇ ਹਨ। ਜੇ ਤੁਸੀਂ ਕਿਸੇ ਅਧਿਕਾਰਤ ਪ੍ਰਾਪਤ ਕਰਤਾ ਨੂੰ ਨਾਮਜ਼ਦ ਕਰਦੇ ਹੋ, ਤਾਂ ਸਾਰੇ ਪੱਤਰ-ਵਿਹਾਰ ਉਸ ਵਿਅਕਤੀ ਨੂੰ ਭੇਜੇ ਜਾਣਗੇ ਅਤੇ ਇਹ ਸਮਝਿਆ ਜਾਵੇਗਾ ਕਿ ਤੁਹਾਨੂੰ ਭੇਜ ਦਿੱਤੇ ਗਏ ਹਨ। ਇੱਥੇ ਦੋ ਹਾਲਤਾਂ ਹਨ ਜਦੋਂ ਅਸੀਂ ਕਿਸੇ ਵੀ ਪੱਤਰ-ਵਿਹਾਰ ਦੀ ਇੱਕ ਕਾਪੀ ਤੁਹਾਡੇ ਨਾਲ ਨਾਲ ਤੁਹਾਡੇ ਅਧਿਕਾਰਤ ਪ੍ਰਾਪਤ ਕਰਤਾ ਨੂੰ ਭੇਜਾਂਗੇ। ਪਹਿਲਾਂ ਇਹ ਹੈ ਕਿ ਜੇ ਸਮੀਖਿਆ ਇਕ ਬ੍ਰਿਜਿੰਗ ਵੀਜ਼ਾ ਨੂੰ ਰੱਦ ਕਰਨ ਜਾਂ ਰੱਦ ਕਰਨ ਦੇ ਕਿਸੇ ਫੈਸਲੇ ਨਾਲ ਸੰਬੰਧਿਤ ਹੈ ਅਤੇ ਤੁਸੀਂ ਉਸ ਫੈਸਲੇ ਦੇ ਨਤੀਜੇ ਵਜੋਂ ਨਜ਼ਰਬੰਦੀ ਵਿਚ ਹੋ (ਜਿਸ ਨੂੰ 'ਬ੍ਰਿਜਿੰਗ ਵੀਜ਼ਾ (ਨਜ਼ਰਬੰਦੀ)' ਕੇਸ ਕਿਹਾ ਜਾਂਦਾ ਹੈ)। ਦੂਜਾ ਇਹ ਹੈ ਕਿ ਜੇ ਤੁਸੀਂ ਮਾਈਗ੍ਰੇਸ਼ਨ ਏਜੰਟ ਨੂੰ ਆਪਣਾ ਪ੍ਰਤਿਨਿਧੀ ਜਾਂ ਅਧਿਕਾਰਤ ਪ੍ਰਾਪਤ ਕਰਤਾ ਨਾਮਜ਼ਦ ਕੀਤਾ ਹੈ, ਅਤੇ ਮਾਈਗ੍ਰੇਸ਼ਨ ਏਜੰਟ ਦੀ ਰਜਿਸਟਰੀਕਰਣ ਨੂੰ ਮੁਅੱਤਲ ਜਾਂ ਰੱਦ ਕਰ ਦਿੱਤਾ ਗਿਆ ਹੈ ਜਾਂ ਖਤਮ ਹੋ ਗਿਆ ਹੈ। ਅਸੀਂ ਤੁਹਾਡੇ ਸਮੀਖਿਆ ਬਾਰੇ ਤੁਹਾਡੇ ਨੁਮਾਇੰਦੇ ਜਾਂ ਅਧਿਕਾਰਤ ਪ੍ਰਾਪਤ ਕਰਤਾ ਨੂੰ ਉਦੋਂ ਤਕ ਦਸਤਾਵੇਜ਼ ਦਿੰਦੇ ਰਹਾਂਗੇ ਜਦੋਂ ਤਕ ਤੁਸੀਂ ਸਾਨੂੰ ਨਹੀਂ ਦੱਸਦੇ ।
- ਸਾਨੂੰ ਤੁਹਾਨੂੰ ਕੁਝ ਅਜਿਹੀ ਜਾਣਕਾਰੀ ਬਾਰੇ ਦੱਸਣ ਦੀ ਜਰੂਰਤ ਹੁੰਦੀ ਹੈ ਜਿਹੜੀ ਕਿਸੇ ਗਲਤ ਫੈਸਲੇ ਦਾ ਕਾਰਨ ਬਣ ਸਕਦੀ ਹੈ ਅਤੇ ਤੁਹਾਨੂੰ ਉਸ ਜਾਣਕਾਰੀ 'ਤੇ ਟਿੱਪਣੀ ਕਰਨ ਜਾਂ ਜਵਾਬ ਦੇਣ ਦਾ ਮੌਕਾ ਦਿੱਤਾ ਜਾਵੇਗਾ।
- ਜੇ ਅਸੀਂ ਤੁਹਾਨੂੰ ਜਾਣਕਾਰੀ ਪ੍ਰਦਾਨ ਕਰਨ ਲਈ ਜਾਂ ਕਿਸੇ ਸਮੇਂ ਦੇ ਅੰਦਰ ਜਾਣਕਾਰੀ 'ਤੇ ਟਿੱਪਣੀ ਕਰਨ ਜਾਂ ਜਵਾਬ ਦੇਣ ਲਈ ਸੱਦਾ ਦਿੰਦੇ ਹਾਂ, ਤਾਂ ਤੁਹਾਨੂੰ ਅਜਿਹਾ ਕਰਨਾ ਚਾਹੀਦਾ ਹੈ ਨਹੀਂ ਤਾਂ ਤੁਹਾਨੂੰ ਸੁਣਵਾਈ ਦਾ ਆਪਣਾ ਅਧਿਕਾਰ ਗੁਆਉਣ ਦਾ ਖਤਰਾ ਹੈ।
- ਖਾਸ ਹਾਲਤਾਂ ਨੂੰ ਛੱਡ ਕੇ, ਜੇ ਸਾਨੂੰ ਸੁਣਵਾਈ ਦੌਰਾਨ ਤੁਹਾਨੂੰ ਬੁਲਾਉਣ ਦੀ ਲੋੜ ਪੈਂਦੀ ਹੈ। ਤੁਸੀਂ ਬੇਨਤੀ ਕਰ ਸਕਦੇ ਹੋ ਕਿ ਅਸੀਂ ਦੂਜੇ ਵਿਅਕਤੀਆਂ ਤੋਂ ਸਬੂਤ ਲਈਏ, ਅਤੇ ਤੁਹਾਡੇ ਨਾਲ ਤੁਹਾਡੇ ਨੁਮਾਇੰਦੇ ਅਤੇ/ਜਾਂ ਇੱਕ ਦੋਸਤ ਜਾਂ ਸਹਾਇਤਾ ਵਾਲੇ ਵਿਅਕਤੀ ਹੋ ਸਕਦੇ ਹਨ। ਜੇ ਜਰੂਰੀ ਹੋਏ ਤਾਂ ਅਸੀਂ ਇੱਕ ਦੁਭਾਸ਼ੀਆ ਪ੍ਰਦਾਨ ਕਰਾਂਗੇ।

## ਸਮੀਖਿਆ ਦੌਰਾਨ ਕੀ ਹੋਵੇਗਾ?

ਸਮੀਖਿਆ ਪ੍ਰਕਿਰਿਆ ਵੱਖ ਵੱਖ ਕੇਸਾਂ ਲਈ ਵੱਖਰੀ ਹੈ। ਇੱਕ ਆਮ ਕੇਸ ਇਹਨਾਂ ਕਦਮਾਂ ਦੀ ਪਾਲਣਾ ਕਰ ਸਕਦਾ ਹੈ:

- ਅਸੀਂ ਤੁਹਾਨੂੰ ਇਸ ਗੱਲ ਦੀ ਪੁਸ਼ਟੀ ਕਰਨ ਲਈ ਇਕ ਰਸੀਦੀ ਪੱਤਰ ਭੇਜਾਂਗੇ ਕਿ ਬਿਨੈ-ਪੱਤਰ ਪ੍ਰਾਪਤ ਹੋਇਆ ਹੈ। ਅਸੀਂ ਤੁਹਾਡੀ ਬਿਨੈ-ਪੱਤਰ ਬਾਰੇ ਵਿਭਾਗ ਨੂੰ ਸੂਚਿਤ ਕਰਾਂਗੇ ਅਤੇ ਵਿਭਾਗ ਨੂੰ ਬੇਨਤੀ ਕਰਾਂਗੇ ਕਿ ਸਾਨੂੰ ਤੁਹਾਡੇ ਕੇਸ ਬਾਰੇ ਸਾਰੇ ਸੰਬੰਧਿਤ ਦਸਤਾਵੇਜ਼ ਪ੍ਰਦਾਨ ਕਰਨ।
- ਕੇਸ ਇੱਕ ਮੈਂਬਰ ਨੂੰ ਅਲਾਟ ਕੀਤਾ ਜਾਂਦਾ ਹੈ।
- ਮੈਂਬਰ ਦਸਤਾਵੇਜ਼ਾਂ ਦੀ ਸਮੀਖਿਆ ਕਰਦਾ ਹੈ।
- ਅਸੀਂ ਤੁਹਾਨੂੰ ਇੱਕ ਸੁਣਵਾਈ ਵਿੱਚ ਸ਼ਾਮਲ ਹੋਣ ਲਈ, ਅਤੇ/ਜਾਂ ਜਾਣਕਾਰੀ ਪ੍ਰਦਾਨ ਕਰਨ ਜਾਂ ਟਿੱਪਣੀ ਕਰਨ ਜਾਂ ਜਾਣਕਾਰੀ ਦਾ ਜਵਾਬ ਦੇਣ ਲਈ ਸੱਦਾ ਦਿੰਦੇ ਹਾਂ।
- ਕੁਝ ਮਾਮਲਿਆਂ ਵਿੱਚ, ਮੈਂਬਰ ਸੁਣਵਾਈ ਦੇ ਅੰਤ ਵਿੱਚ ਫੈਸਲੇ ਦਾ ਐਲਾਨ ਕਰ ਸਕਦਾ ਹੈ। ਮੈਂਬਰ ਜ਼ੁਬਾਨੀ

ਫੈਸਲੇ ਲਈ ਤੁਹਾਨੂੰ ਲਿਖਤੀ ਕਾਰਨ ਭੇਜਣ ਦਾ ਫੈਸਲਾ ਕਰ ਸਕਦਾ ਹੈ, ਅਜਿਹੀ ਸਥਿਤੀ ਵਿੱਚ ਸੁਣਵਾਈ ਤੋਂ ਬਾਅਦ 14 ਦਿਨਾਂ ਦੇ ਅੰਦਰ ਤੁਹਾਨੂੰ ਕਾਰਣ ਭੇਜਿਆ ਜਾਵੇਗਾ। ਵਿਕਲਪਿਕ ਤੌਰ 'ਤੇ, ਮੈਂਬਰ ਫੈਸਲੇ ਦੀ ਘੋਸ਼ਣਾ ਕਰ ਸਕਦਾ ਹੈ ਅਤੇ ਸੁਣਵਾਈ ਵੇਲੇ ਫੈਸਲੇ ਦੇ ਕਾਰਨਾਂ ਦਾ ਮੌਖਿਕ ਬਿਆਨ ਦੇ ਸਕਦਾ ਹੈ। ਜੇ ਅਜਿਹਾ ਹੁੰਦਾ ਹੈ, ਤਾਂ ਤੁਸੀਂ ਮੈਂਬਰ ਨੂੰ ਸੁਣਵਾਈ ਦੇ 14 ਦਿਨਾਂ ਦੇ ਅੰਦਰ ਅੰਦਰ ਲਿਖਤੀ ਬੇਨਤੀ ਕਰਨ ਦੇ ਹੱਕਦਾਰ ਹੋਵੋਗੇ ਤਾਂ ਜੋ ਤੁਹਾਨੂੰ ਫੈਸਲੇ ਅਤੇ ਕਾਰਨਾਂ ਦਾ ਲਿਖਤੀ ਰੂਪ ਪ੍ਰਦਾਨ ਕੀਤਾ ਜਾਏ ਜੋ ਸੁਣਵਾਈ ਵੇਲੇ ਦੱਸੇ ਗਏ ਸਨ।

- ਹਾਲਾਂਕਿ, ਜ਼ਿਆਦਾਤਰ ਮਾਮਲਿਆਂ ਵਿੱਚ ਸੁਣਵਾਈ ਦੇ ਅੰਤ ਵਿੱਚ ਕੋਈ ਫੈਸਲਾ ਨਹੀਂ ਲਿਆ ਜਾਏਗਾ ਅਤੇ ਜਦੋਂ ਮੈਂਬਰ ਕੋਈ ਫੈਸਲਾ ਲੈਂਦਾ ਹੈ, ਅਸੀਂ ਤੁਹਾਨੂੰ ਅਤੇ ਵਿਭਾਗ ਨੂੰ ਫੈਸਲੇ ਅਤੇ ਕਾਰਨਾਂ ਦਾ ਇੱਕ ਲਿਖਤੀ ਬਿਆਨ ਭੇਜਾਂਗੇ।

ਜਿਵੇਂ ਕਿ ਹਰ ਕੇਸ ਵੱਖਰਾ ਹੁੰਦਾ ਹੈ, ਇਹ ਕਹਿਣਾ ਮੁਸ਼ਕਲ ਹੈ ਕਿ ਤੁਹਾਡੇ ਕੇਸ ਬਾਰੇ ਫੈਸਲਾ ਲੈਣ ਵਿਚ ਸਾਨੂੰ ਕਿੰਨਾ ਸਮਾਂ ਲੱਗੇਗਾ। ਅਸੀਂ AAT ਦੇ ਪ੍ਰਧਾਨ ਦੁਆਰਾ ਜਾਰੀ ਕੀਤੇ ਗਏ ਕਾਨੂੰਨਾਂ ਅਤੇ ਨੀਤੀਗਤ ਦਿਸ਼ਾ ਨਿਰਦੇਸ਼ਾਂ ਅਨੁਸਾਰ ਕੁਝ ਮਾਮਲਿਆਂ ਨੂੰ ਪਹਿਲ ਦਿੰਦੇ ਹਾਂ, ਉਦਾਹਰਣ ਵਜੋਂ, ਇਮੀਗ੍ਰੇਸ਼ਨ ਨਜ਼ਰਬੰਦੀ ਵਿੱਚ ਵਿਅਕਤੀਆਂ ਨਾਲ ਸਬੰਧਤ ਕੇਸ।

ਸਾਡੀ ਵੈਬਸਾਈਟ ਤੇ ਅਰਜ਼ੀ ਉੱਤੇ ਕਾਰਵਾਈ ਦੇ ਸਮੇਂ ਬਾਰੇ ਜਾਣਕਾਰੀ ਹੈ ਜੋ ਤੁਹਾਨੂੰ ਮੌਜੂਦਾ ਤਰਜੀਹਾਂ ਅਤੇ ਅੰਦਾਜ਼ਨ ਕਾਰਵਾਈ ਦੀ ਸਮਾਂ ਸੂਚੀ ਪ੍ਰਦਾਨ ਕਰ ਸਕਦੀ ਹੈ।

ਸੁਣਵਾਈ ਦੇ ਦੌਰਾਨ ਸਾਨੂੰ ਮੁਹੱਈਆ ਕਰਵਾਈ ਗਈ ਜਾਣਕਾਰੀ ਸਰਵਜਨਕ ਹੋ ਸਕਦੀ ਹੈ। ਸੁਣਵਾਈ ਆਮ ਤੌਰ 'ਤੇ ਲੋਕਾਂ ਲਈ ਖੁੱਲੀ ਹੁੰਦੀ ਹੈ। ਜੇ ਅਸੀਂ ਤੁਹਾਡੇ ਕੇਸ ਵਿਚ ਸਾਡੇ ਫੈਸਲਿਆਂ ਦੇ ਕਾਰਨਾਂ ਦਾ ਲਿਖਤੀ ਬਿਆਨ ਤਿਆਰ ਕਰਦੇ ਹਾਂ, ਤਾਂ ਇਹ ਜਨਤਕ ਵੀ ਕੀਤਾ ਜਾ ਸਕਦਾ ਹੈ ਅਤੇ ਆਸਟ੍ਰੇਲੀਆ ਦੀ ਵੈਬਸਾਈਟ (www.austlii.edu.au) 'ਤੇ ਪ੍ਰਕਾਸ਼ਤ ਵੀ ਕੀਤਾ ਜਾ ਸਕਦਾ ਹੈ। ਸਾਡੇ ਦੁਆਰਾ ਪ੍ਰਕਾਸ਼ਤ ਕੀਤੇ ਗਏ ਫੈਸਲਿਆਂ ਬਾਰੇ ਵਧੇਰੇ ਜਾਣਕਾਰੀ ਲਈ, ਸਾਡੀ ਵੈਬਸਾਈਟ ਤੇ ਫੈਸਲਿਆਂ ਦੀ ਨੀਤੀ ਦਾ ਪ੍ਰਕਾਸ਼ਨ ਦੇਖੋ।

## ਕੀ ਤੁਹਾਨੂੰ ਹੋਰ ਜਾਣਕਾਰੀ ਚਾਹੀਦੀ ਹੈ?

ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ (ਸੰਪਰਕ ਵੇਰਵਿਆਂ ਲਈ ਹੇਠਾਂ ਵੇਖੋ)। ਸਾਡਾ ਸਟਾਫ ਤੁਹਾਨੂੰ ਸਾਡੀਆਂ ਪ੍ਰਕਿਰਿਆਵਾਂ ਬਾਰੇ ਜਾਣਕਾਰੀ ਦੇ ਸਕਦਾ ਹੈ, ਪਰ ਉਹ ਤੁਹਾਨੂੰ ਕਿਸੇ ਵਿਸ਼ੇਸ਼ ਮਾਮਲੇ ਵਿਚ ਸਫਲਤਾ ਦੀ ਸੰਭਾਵਨਾ ਬਾਰੇ ਸਲਾਹ ਨਹੀਂ ਦੇ ਸਕਦੇ ਹਨ।

ਸਾਰੇ ਬਿਨੈਕਾਰ mrdivision@aat.gov.au'ਤੇ ਈਮੇਲ ਰਾਹੀ ਸਾਡੇ ਨਾਲ ਸੰਪਰਕ ਕਰ ਸਕਦੇ ਹਨ। ਇਸ ਦੇ ਉਲਟ, ਬਿਨੈਕਾਰ ਸਾਡੇ ਰਾਸ਼ਟਰੀ ਟੈਲੀਫੋਨ ਇਨਕੁਆਰੀ ਨੰਬਰ ਤੇ 1800 228 333 ਤੇ ਟੈਲੀਫੋਨ ਕਰ ਸਕਦੇ ਹਨ। ਸਥਾਨਕ ਅਤੇ ਮੋਬਾਈਲ ਕਾਲ ਚਾਰਜ ਲਾਗੂ ਹੁੰਦੇ ਹਨ। ਉਨ੍ਹਾਂ ਲੋਕਾਂ ਲਈ ਜੋ ਬੋਲ਼ੇ ਹਨ ਜਾਂ ਸੁਣਣ ਜਾਂ ਬੋਲਣ ਵਿੱਚ ਸਮੱਸਿਆ ਹੈ ਲਈ ਟੈਲੀਫੋਨ ਦੇ ਹੱਲ, ਨੈਸ਼ਨਲ ਰਿਲੇਅ ਸਰਵਿਸ ਦੁਆਰਾ www.relayservice.gov.au ਤੇ ਉਪਲਬਧ ਹਨ।

ਜੇ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੁੰਦੀ ਹੈ ਤਾਂ ਅਨੁਵਾਦ ਅਤੇ ਦੁਭਾਸ਼ੀਏ ਸੇਵਾ (TIS) ਸਹਾਇਤਾ ਪ੍ਰਦਾਨ ਕਰ ਸਕਦੀ ਹੈ। TIS ਨਾਲ ਆਸਟਰੇਲੀਆ ਵਿਚ ਕਿਤੇ ਵੀ 131 450 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਜੇ ਮੈਂ ਕੋਈ ਟਿੱਪਣੀ ਜਾਂ ਸ਼ਿਕਾਇਤ ਕਰਨਾ ਚਾਹੁੰਦਾ ਹਾਂ ਤਾਂ ਕੀ ਹੋਵੇਗਾ?

ਤੁਸੀਂ ਸਾਡੀ ਇਹ ਦੱਸ ਕੇ ਮਦਦ ਕਰ ਸਕਦੇ ਹੋ ਕਿ ਤੁਹਾਨੂੰ ਸਾਡੇ ਨਾਲ ਤੁਹਾਡੇ ਵਿਹਾਰਾਂ ਬਾਰੇ ਕੀ ਪਸੰਦ ਹੈ ਜਾਂ ਜਿੱਥੇ ਤੁਸੀਂ ਸੋਚਦੇ ਹੋ ਕਿ ਅਸੀਂ ਸੁਧਾਰ ਸਕਦੇ ਹਾਂ। ਜੇ ਤੁਸੀਂ ਸਾਨੂੰ ਫੀਡਬੈਕ ਦੇਣਾ ਚਾਹੁੰਦੇ ਹੋ ਤਾਂ ਤੁਸੀਂ ਉਸ ਅਧਿਕਾਰੀ ਨੂੰ ਦੱਸ ਸਕਦੇ ਹੋ ਜੋ ਤੁਹਾਡੇ ਕੇਸ ਦਾ ਨਿਪਟਾਰਾ ਕਰ ਰਿਹਾ ਹੈ। ਵਿਕਲਪਿਕ ਤੌਰ 'ਤੇ ਤੁਸੀਂ ਸਾਡੀ ਵੈਬਸਾਈਟ' 'ਤੇ Contact us, 'ਤੇ ਉਪਲਬਧ ਆਨਲਾਈਨ ਫੀਡਬੈਕ ਫਾਰਮ ਭਰ ਕੇ, ਜਾਂ ਜੀਪੀਓ ਬਾਕਸ 9955, ਸਿਡਨੀ

NSW 2001 ਵਿਖੇ ਸਾਡੇ ਕੋਲ 'ਗੁਪਤ' ਲਿਖ ਕੇ ਲਿਖਤੀ ਸ਼ਿਕਾਇਤ ਭੇਜ ਸਕਦੇ ਹੋ।

## ਮੈਥਡ ਆਫ ਲਾਜਮੈਂਟ'

### ਆਨਲਾਈਨ

ਸਮੀਖਿਆ ਲਈ ਅਰਜ਼ੀਆਂ ਆਨਲਾਈਨ http://www.aat.gov.au/apply-online 'ਤੇ ਦਰਜ ਕੀਤੀਆਂ ਜਾ ਸਕਦੀਆਂ ਹਨ।
ਜੇ ਲਾਗੂ ਹੁੰਦਾ ਹੈ, ਤਾਂ ਪੂਰੀ ਫੀਸ ਦਾ ਭੁਗਤਾਨ ਲਾਜ਼ਮੀ ਸਮੇਂ ਭੁਗਤਾਨ ਕਰਨਾ ਪਏਗਾ ਜਦੋਂ ਆਨਲਾਈਨ ਜਮ੍ਹਾਂ ਕਰਦੇ ਹੋ।

### ਡਾਕ ਦੁਆਰਾ ਜਾਂ ਫੈਕਸ ਦੁਆਰਾ

Administrative Appeals Tribunal
GPO Box 9955, Sydney NSW 2001
Fax: (02) 9276 5599

Administrative Appeals Tribunal
GPO Box 9955, Melbourne VIC 3001
Fax: (03) 9454 6999

Administrative Appeals Tribunal
GPO Box 9955, Brisbane QLD 4001
Fax: (07) 3052 3069

Administrative Appeals Tribunal
GPO Box 9955, Adelaide SA 5001
Fax: (08) 8128 8099

Administrative Appeals Tribunal
GPO Box 9955, Perth WA 6848
Fax: (08) 6222 7299

### ਹੱਥ ਨਾਲ(ਹੱਥੀ)

**Sydney**
Level 6
83 Clarence Street
Sydney NSW 2000

**Melbourne**
Level 4
15 William Street
Melbourne VIC 3000

**Brisbane**
Level 6
296 Ann Street
Brisbane QLD 4000

**Perth**
Level 13
111 St Georges Terrace
Perth WA 6000

**Adelaide**
Level 2
1 King William Street
Adelaide SA 5000

## ਸੰਪਰਕ

| | |
|---|---|
| ਵੈੱਬਸਾਈਟ | www.aat.gov.au |
| ਈਮੇਲ | mrdivision@aat.gov.au |
| ਰਾਸ਼ਟਰੀ ਟੈਲੀਫੋਨ ਇਨਕੁਆਰੀ ਨੰਬਰ | 1800 228 333 |
| ਨੈਸ਼ਨਲ ਰੀਲੇਅ ਸਰਵਿਸ | www.relayservice.gov.au |